بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 09.03.2018

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

**ਜੱਦ ਤੱਕ ਮਨੁੱਖ ਆਪਣੀਆਂ ਇਛੱਾਵਾਂ ਅਤੇ ਉਦੇਸ਼ਿਆਂ ਤੋਂ ਅੱਡ ਹੋਕੇ ਰੱਬ ਦੀ ਹਜ਼ੂਰੀ ਵਿੱਚ ਨਹੀਂ ਆਉਂਦਾ, ਉਹ ਕੁਝ ਹਾਸਲ ਨਹੀਂ ਕਰਦਾ**
**ਸਾਰੇ ਸੰਸਾਰਕ ਸਨਮਾਨ ਉਸੇ ਨੂੰ ਦਿੱਤੇ ਜਾਂਦੇ ਹਨ ਅਤੇ ਹਰ ਦਿਲ ਵਿੱਚ ਉਸ ਦੀ ਵੱਡਿਆਈ ਤੇ ਮਾਨਤਾ ਦਿੱਤੀ ਜਾਂਦੀ ਹੈ ਜੋ ਰੱਬ ਲਈ ਸਭ ਕੁਝ ਤਿਆਗਣ ਤੇ ਗੁਆਉਣ ਲਈ ਤਿਆਰ ਹੋ ਜਾਂਦੇ ਹਨ**

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 9 ਮਾਰਚ 2018 ਈ. ਨੂੰ ਮਸਜਿਦ ਬੈਤੁਲ ਫ਼ੁਤੂਹ ਮੋਰਡਨ ਲੰਦਨ ਵਿੱਚ ਦਿੱਤਾ ।**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਇਕ ਥਾਂ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਸਹਾਬਾ ਦੀਆਂ ਕੁਰਬਾਨੀਆਂ ਅਤੇ ਉਹਨਾਂ ਦੇ ਅਸਥਾਨ, ਮਰਤਬੇ ਅਤੇ ਰੱਬ ਦੇ ਉਪਕਾਰਾਂ ਦਾ ਵਰਨਣ ਕਰਦਿਆਂ ਹੋਇਆਂ ਫ਼ਰਮਾਉਂਦੇ ਹਨ ਕਿ ਹਜ਼ਰਤ ਅਬੂ ਬਕਰ ਰਜ਼ੀ ਅਲੱਾਹ ਅਨਹੁ ਨੇ ਆਪਣਾ ਸਾਰਾ ਧੰਨ ਮਾਲ ਰੱਬ ਦੇ ਮਾਰਗ ਵਿੱਚ ਦੇ ਦਿਤੱਾ ਅਤੇ ਆਪ ਕੰਬਲ ਪਾ ਲਿਆ ਸੀ ਪਰ ਰੱਬ ਨੇ ਇਸ'ਤੇ ਉਹਨਾਂ ਨੂੰ ਕੀ ਦਿਤੱਾ । ਸਾਰੇ ਅਰਬ ਦਾ ਉਹਨਾਂ ਨੂੰ ਬਾਦਸ਼ਾਹ ਬਣਾ ਦਿਤੱਾ ਅਤੇ ਉਹਨਾਂ ਦੇ ਹੀ ਹੱਥੀਂ ਇਸਲਾਮ ਨੂੰ ਨਵੇਂ ਸਿਰਿਓਂ ਸੁਰਜੀਤ ਕੀਤਾ ਅਤੇ ਫਿਰੇ ਹੋਏ ਅਰਬ ਨੂੰ ਫਿਰ ਫ਼ਤਹਿ ਕਰ ਦਿਖਾਇਆ ਅਤੇ ਉਹ ਕੁਝ ਦਿਤੱਾ ਜੋ ਵਹਿਮਾ ਭਰਮਾਂ ਵਿੱਚ ਵੀ ਨਹੀਂ ਸੀ । ਫ਼ਰਮਾਉਂਦੇ ਹਨ, ਭਾਵ ਉਹਨਾਂ ਲੋਕਾਂ ਦਾ ਸਿਦਕ, ਵਫ਼ਾਦਾਰੀ, ਇਮਾਨਦਾਰੀ ਅਤੇ ਪ੍ਰੇਮ ਹਰ ਮੁਸਲਮਾਨ ਲਈ ਪਦਚਿੰਨ੍ਹ ਹੈ । ਸਹਾਬਾ ਦਾ ਜੀਵਨ ਇਕ ਅਜਿਹਾ ਜੀਵਨ ਸੀ ਕਿ ਸਾਰਿਆਂ ਨਬੀਆਂ ਵਿੱਚੋਂ ਕਿਸੇ ਨਬੀ ਦੇ ਜੀਵਨ ਵਿੱਚ ਇਹ ਉਧਾਰਣਾ ਨਹੀਂ ਪਾਈ ਜਾਂਦੀ । ਫਰਮਾਉਂਦੇ ਹਨ ਕਿ ਅਸਲ ਗੱਲ ਇਹ ਹੈ ਕਿ ਜੱਦ ਤੱਕ ਮਨੁੱਖ ਆਪਣੀਆਂ ਇਛੱਾਵਾਂ ਅਤੇ ਉਦੇਸ਼ਿਆਂ ਤੋਂ ਅੱਡ ਹੋਕੇ ਰੱਬ ਦੀ ਹਜ਼ੂਰੀ ਵਿੱਚ ਨਹੀਂ ਆਉਂਦਾ ਉਹ ਕੁਝ ਹਾਸਲ ਨਹੀਂ ਕਰਦਾ ਸਗੋਂ ਨੁਕਸਾਨ ਕਰਦਾ ਹੈ ਪਰ ਜੱਦ ਉਹ ਸਾਰੀਆਂ ਭੌਤਕ ਇਛੱਾਵਾਂ ਅਤੇ ਉਦੇਸ਼ਿਆਂ ਤੋਂ ਅੱਡ ਹੋ ਜਾਵੇ ਅਤੇ ਖ਼ਾਲੀ ਹੱਥ ਤੇ ਪਾਕ ਦਿਲ ਨਾਲ ਰੱਬ ਦੀ ਹਜ਼ੂਰੀ ਵਿੱਚ ਆਵੇ ਤਾਂ ਰੱਬ ਉਸ ਨੂੰ ਦਿੰਦਾ ਹੈ ਅਤੇ ਰੱਬ ਉਸ ਦੀ ਸਹਾਇਤਾ ਕਰਦਾ ਹੈ ਪਰ ਸ਼ਰਤ ਇਹੋ ਹੈ ਕਿ ਮਨੁੱਖ ਮਰਨ ਨੂੰ ਤਿਆਰ ਹੋ ਜਾਵੇ ਅਤੇ ਉਸ ਦੇ ਮਾਰਗ ਵਿੱਚ ਜ਼ਿਲੱਤ ਤੇ ਮੌਤ ਨੂੰ ਚੰਗਾ ਆਖਣ ਵਾਲਾ ਬਣ ਜਾਏ । ਫ਼ਰਮਇਆ ਦੇਖੋ ਦੁਨੀਆ ਇਕ ਨਾਸ਼ਵਾਨ ਚੀਜ਼ ਹੈ । ਕੋਈ ਇਸ ਵਿੱਚ ਸਥਾਈ ਨਹੀਂ ਰਹਿੰਦਾ ਪਰ ਇਸ ਦਾ ਆਨੰਦ ਵੀ ਉਸੇ ਨੂੰ ਮਿਲਦਾ ਹੈ ਜੋ ਇਸ ਨੂੰ ਰੱਬ ਵਾਸਤੇ ਤਿਆਗਦਾ ਹੈ । ਇਹੋ ਕਾਰਨ ਹੈ ਕਿ ਜੋ ਮਨੁੱਖ ਰੱਬ ਦਾ

ਕਰੀਬੀ ਹੁੰਦਾ ਹੈ ਰੱਬ ਦੁਨੀਆ ਵਿੱਚ ਉਸ ਲਈ ਪਰਵਾਨਗੀ ਫੈਲਾ ਦਿੰਦਾ ਹੈ ਇਹ ਉਹੋ ਪਰਵਾਨਗੀ ਹੈ ਜਿਸ ਲਈ ਦੁਨੀਆਦਾਰ ਹਜ਼ਾਰਾਂ ਹੀ ਜਤਨ ਕਰਦੇ ਹਨ ਕਿ ਕਿਸੇ ਪ੍ਰਕਾਰ ਉਹਨਾਂ ਨੂੰ ਕੋਈ ਉਪਾਧੀ ਮਿਲ ਜਾਏ ਜਾਂ ਕਿਸੇ ਸਨਮਾਨ ਦੀ ਥਾਂ ਜਾਂ ਦਰਬਾਰ ਵਿੱਚ ਚੰਗੀ ਕੁਰਸੀ'ਤੇ ਨਾਂ ਲਿੱਖਿਆ ਜਾਵੇ । ਭਾਵ ਸਾਰੇ ਸੰਸਾਰਕ ਸਨਮਾਨ ਉਸ ਨੂੰ ਦਿੱਤੇ ਜਾਂਦੇ ਹਨ ਅਤੇ ਹਰ ਦਿਲ ਵਿੱਚ ਉਸੇ ਦੀ ਵੱਡਿਆਈ ਤੇ ਪਰਵਾਨਗੀ ਦਿੱਤੀ ਜਾਂਦੀ ਹੈ ਜੋ ਰੱਬ ਲਈ ਸਭ ਕੁਝ ਛਡੱਣ ਤੇ ਗੁਆਉਣ ਲਈ ਤਿਆਰ ਹੋ ਜਾਂਦੇ ਹਨ, ਨ ਕੇਵਲ ਤਿਆਰ ਹੁੰਦੇ ਹਨ ਸਗੋਂ ਛੱਡ ਦਿੰਦੇ ਹਨ । ਭਾਵ ਇਹ ਕਿ ਰੱਬ ਖ਼ਾਤਰ ਗੁਆਉਣ ਵਾਲਿਆਂ ਨੂੰ ਸਭ ਕੁਝ ਦਿਤੱਾ ਜਾਂਦਾ ਹੈ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਧਰਤੀ ਦੀਆਂ ਸਰਕਾਰਾਂ ਲਈ ਜੋ ਰਤਾ ਜਿਹਾ ਕੁਝ ਗੁਆਉਂਦਾ ਹੈ ਤਾਂ ਉਸ ਪ੍ਰਤੀਫ਼ਲ ਦਿਤੱਾ ਜਾਂਦਾ ਹੈ ਜੋ ਰੱਬ ਲਈ ਗੁਆਏ ਤਾਂ ਕੀ ਉਸ ਨੂੰ ਪ੍ਰਤੀਫਲ ਨਹੀਂ ਮਿਲੇਗਾ । ਫ਼ਰਮਾਇਆ : ਉਹ ਨਹੀਂ ਮਰਦੇ ਜੱਦ ਤੱਕ ਉਹ ਉਸ ਤੋਂ ਕਈ ਗੁਣਾ ਹਾਸਲ ਨ ਕਰ ਲੈਂਣ ਜੋ ਉਹਨਾਂ ਨੇ ਰੱਬ ਦੇ ਮਾਰਗ ਵਿੱਚ ਦਿਤੱਾ ਹੈ । ਰੱਬ ਕਿਸੇ ਦਾ ਕਰਜ਼ਾ ਆਪਣੇ ਜ਼ਿੰਮੇ ਨਹੀਂ ਰਖੱਦਾ । ਪਰ ਦੁੱਖ ਇਸ ਗੱਲ ਦਾ ਹੈ ਕਿ ਇਹਨਾਂ ਗੱਲਾਂ ਨੂੰ ਮੰਨਣ ਵਾਲੇ ਅਤੇ ਇਹਨਾਂ ਦੀ ਸਚੱਾਈ ਜਾਨਣ ਵਾਲੇ ਬਹੁਤ ਘੱਟ ਲੋਕ ਹਨ । ਇਹ ਸਿਦਕ, ਵਫ਼ਾਦਾਰੀ, ਇਮਾਨਦਾਰੀ ਤੇ ਲਿਵਰਤਨ ਦਿਖਾਉਣ ਵਾਲਿਆਂ ਦੇ ਨਮੂਨੇ ਸਾਨੂੰ ਐਨੀ ਸ਼ਾਨ ਨਾਲ ਨਜ਼ਰ ਆਉਂਦੇ ਹਨ ਕਿ ਮਨੁੱਖ ਹੈਰਾਨ ਰਹਿ ਜਾਂਦਾ ਹੈ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੀ ਕੁਵੱਤੇ ਕੁਦਸੀ (ਪਵਿੱਤਰ ਸ਼ਕਤੀਆਂ) ਨੇ ਨ ਕੇਵਲ ਇਹਨਾ ਦੇ ਪ੍ਰੇਮ ਦੇ ਮਾਰਗ ਬਦਲ ਦਿੱਤੇ ਸਗੋਂ ਇਹਨਾ ਪ੍ਰੇਮ ਦੇ ਮਾਪਦੰਡਾ ਨੂੰ ਉਹ ਪ੍ਰਗਤੀ ਪ੍ਰਦਾਨ ਕੀਤੀ ਜਿਸ ਦੀ ਉਧਾਰਣ ਪਹਿਲਾਂ ਦੁਨੀਆ ਵਿੱਚ ਨਹੀਂ ਮਿਲਦੀ । ਸਹਾਬਾ ਆਪਣੀਆਂ ਸਾਰੀਆਂ ਭੌਤਕ ਇਛੱਾਵਾਂ ਤੋਂ ਪਾਕ ਸਨ । ਸਾਫ਼ ਦਿਲ ਹੋਕੇ ਅਤੇ ਰੱਬ ਲਈ ਖ਼ਾਲਸ ਹੋਕੇ ਕੇਵਲ ਤੇ ਕੇਵਲ ਰੱਬ ਦੀ ਰਜ਼ਾ ਲਈ ਆਪਣੇ ਜੀਵਨ ਲੰਘਾਉਣ ਵਾਲੇ ਸਨ ਅਤੇ ਜੱਦ ਇਹ ਅਵਸਥਾ ਹੋਵੇ ਤਾਂ ਫਿਰ ਰੱਬ ਵੀ ਨਿਵਾਜ਼ਦਾ ਹੈ ਅਤੇ ਅਤਿਅੰਤ ਨਿਵਾਜ਼ਦਾ ਹੈ ਅਤੇ ਅਸੀਂ ਸਹਾਬਾ ਦੇ ਜੀਵਨ ਵਿੱਚ ਦੇਖਦੇ ਹਾਂ । ਹਜ਼ੂਰ ਅਨਵਰ ਨੇ ਫ਼ਰਮਾਇਆ : ਕਈ ਸਹਾਬਾ ਦੀਆਂ ਉਧਾਰਣਾ ਪੇਸ਼ ਕਰਦਾ ਹਾਂ ਕਿ ਕਿਵੇਂ ਉਹਨਾਂ ਨੇ ਆਪਣੇ ਆਪੇ ਨੂੰ ਰੱਬ ਹੇਠ ਕਰ ਲਿਆ ਸੀ, ਕੀ ਨਮੂਨੇ ਉਹਨਾਂ ਨੇ ਦਿਖਾਏ ।

ਹਜ਼ਰਤ ਇਬਾਦ ਬਿਨ ਬਸ਼ਰ ਇਕ ਅੰਸਾਰੀ ਸਹਾਬੀ ਸਨ । ਭਰੀ ਨੌਜੁਆਨੀ ਵਿੱਚ ਲਗਭਗ ਪੈਂਤੀ ਸਾਲ ਦੀ ਉਮਰ ਵਿੱਚ ਉਹਨਾਂ ਨੂੰ ਸ਼ਹੀਦੀ ਪ੍ਰਾਪਤ ਹੋਈ ਸੀ । ਉਹਨਾਂ ਦੀ ਇਬਾਦਤ ਅਤੇ ਕੁਰਆਨ ਕਰੀਮ ਦੀ ਤਲਾਵਤ ਦੀ ਇਕ ਘਟਨਾ ਵਰਨਣ ਕਰਦਿਆਂ ਹੋਇਆਂ ਹਜ਼ਰਤ ਆਇਸ਼ਾ ਰਜ਼ੀ ਅਲੱਾਹ ਅਨਹਾ ਫ਼ਰਮਾਉਂਦੀ ਹਨ ਕਿ ਇਕ ਰਾਤ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਤਹਜੁੱਦ ਸਮੇਂ ਜਾਗੇ ਤਾਂ ਮਸਜਿਦ ਵਿੱਚੋਂ ਕੁਰਆਨ ਕਰੀਮ ਦੀ ਤਲਾਵਤ ਦੀ ਆਵਾਜ਼ ਆ ਰਹੀ ਸੀ। ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਇਹ ਆਵਾਜ਼ ਇਬਾਦ ਦੀ ਹੈ । ਹਜ਼ਰਤ ਆਇਸ਼ਾ ਨੇ ਬਿਨਤੀ ਕੀਤੀ ਕਿ ਉਹਨਾਂ ਦੀ ਹੀ ਆਵਾਜ਼ ਲਗੱਦੀ ਹੈ । ਇਸ'ਤੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਉਹਨਾਂ ਨੂੰ ਦੁਆ ਦਿੱਤੀ ਕਿ ਹੇ, ਅਲੱਾਹ ਇਬਾਦ ਉਪੱਰ ਰਹਿਮ ਕਰ । ਕਿੰਨ੍ਹੇ ਖ਼ੁਸ਼ਨਸੀਬ ਸਨ ਉਹ ਲੋਕ ਜੋ ਕੁਰਆਨ ਕਰੀਮ ਦੀ ਤਲਾਵਤ ਵਿੱਚ ਆਪਣੀਆਂ ਰਾਤਾਂ ਲੰਘਾਕੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੀਆਂ ਦੁਆਵਾਂ ਨੂੰ ਸਿੱਧੇ ਰੂਪ ਵਿੱਚ ਹਾਸਲਾ ਕਰਨ ਵਾਲੇ ਬਣੇ । ਹਜ਼ਰਤ ਇਬਾਦ ਨੂੰ ਆਪਣੇ ਇਕ ਸੁਪਨੇ ਕਰਕੇ ਵਿਸ਼ਵਾਸ ਸੀ ਕਿ ਉਹਨਾਂ ਨੂੰ ਸ਼ਹੀਦੀ ਦਾ ਮਾਣ ਹਾਸਲ ਹੋਵੇਗਾ । ਸੋ, ਯਮਾਮਾ ਦੀ ਜੰਗ ਵਿੱਚ ਉਹਨਾਂ ਦਾ ਇਹ ਸੁਪਨਾ ਪੂਰਾ ਹੋਇਆ ਅਤੇ ਬਹੁਤ ਬਹਾਦੁਰੀ ਨਾਲ ਲੜਦਿਆਂ ਹੋਇਆਂ ਉਹਨਾਂ ਨੇ ਸ਼ਹੀਦੀ ਪ੍ਰਾਪਤ ਕੀਤੀ ।

ਫਿਰ ਇਤਿਹਾਸ ਸਾਨੂੰ ਇਕ ਹੋਰ ਸਹਾਬੀ ਬਾਰੇ ਦਸਦਾ ਹੈ ਜਿੰਨ੍ਹਾ ਦਾ ਨਾਂ ਹਰਾਮ ਬਿਨ ਮਲਹਾਨ ਸੀ । ਇਹ ਲੋਕਾਂ ਨੂੰ ਕੁਰਆਨ ਸਿਖਾਉਣ ਅਤੇ ਗ਼ਰੀਬਾਂ ਤੇ 'ਅਸਹਾਬੇ ਸੁਫ਼ਹਾ' ਦੀ ਸੇਵਾ ਵਿੱਚ ਅੱਗੇ ਅੱਗੇ ਰਹਿੰਦੇ ਸਨ । ਜੱਦ ਬਨੀ ਆਮਰ ਦੇ ਇਕ ਜੱਥੇ ਨੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੂੰ ਬਿਨਤੀ ਕੀਤੀ ਕਿ ਸਾਨੂੰ ਪ੍ਰਚਾਰ ਲਈ ਕੁਝ ਲੋਕ ਭੇਜਣ ਤਾਂ

ਜੋ ਸਾਨੂੰ ਵੀ ਇਸਲਾਮ ਦਾ ਪਤਾ ਲੱਗੇ ਅਤੇ ਸਾਡੇ ਲੋਕ ਵੀ ਇਸਲਾਮ ਵਿੱਚ ਦਾਖ਼ਲ ਹੋਣ । ਹਜ਼ਰਤ ਮੁਹੱਮਦ ਸਲਲੱਾਹੁ ਅਲੈਹਿ ਵਸਲਾਮ ਨੇ ਹਰਾਮ ਬਿਨ ਮਲਹਾਨ ਨੂੰ ਅਮੀਰ ਬਣਾਕੇ ਇਕ ਜਥੱਾ ਬਨੀ ਆਮਰ ਵੱਲ ਭੇਜਿਆ । ਜੱਦ ਇਹ ਜਥੱਾ ਓਥੇ ਪਹੁੰਚਿਆਂ ਤਾਂ ਹਜ਼ਰਤ ਹਰਾਮ ਬਿਨ ਮਲਹਾਨ ਨੂੰ ਸੰਦੇਹ ਹੋਇਆ ਕਿ ਜ਼ਰੂਰ ਕੋਈ ਗੜਬੜ ਹੈ । ਇਹਨਾਂ ਲੋਕਾਂ ਦੀ ਨੀਯਤ ਠੀਕ ਨਹੀਂ ਹੈ । ਸੋ, ਉਹਨਾਂ ਨੇ ਆਪਣੇ ਸਾਥੀਆਂ ਨੂੰ ਕਿਹਾ ਕਿ ਸਾਵਧਾਨਕ ਵਿਉਂਤ ਕਰਨੀ ਚਾਹੀਦੀ ਹੈ ਅਤੇ ਸਾਰਿਆਂ ਨੂੰ ਓਥੇ ਇਕੱਠੇ ਨਹੀਂ ਜਾਣਾ ਚਾਹੀਦਾ । ਇਸ ਲਈ ਤੁਸੀਂ ਸਾਰੇ ਏਥੇ ਹੀ ਠਹਿਰੋ ਅਤੇ ਮੈਂ ਅਤੇ ਇਕ ਹੋਰ ਸਾਥੀ ਜਾਂਦੇ ਹਨ । ਜੇਕਰ ਉਹਨਾਂ ਨੇ ਸਾਡੇ ਨਾਲ ਚੰਗਾ ਵਰਤਾਉ ਕੀਤਾ ਤਾਂ ਤੁਸੀਂ ਲੋਕ ਵੀ ਆ ਜਾਣਾ ਅਤੇ ਜੇਕਰ ਸਾਨੂੰ ਹਾਨੀ ਹੋਈ ਤਾਂ ਫਿਰ ਤੁਸੀਂ ਲੋਕ ਹਾਲਾਤ ਅਨੁਸਾਰ ਨਿਰਣਾ ਕਰਣਾ । ਜੱਦ ਹਰਾਮ ਬਿਨ ਮਲਹਾਨ ਅਤੇ ਉਹਨਾਂ ਦੇ ਸਾਥੀ ਉਹਨਾਂ ਲੋਕਾਂ ਦੇ ਨੇੜੇ ਗਏ ਤਾਂ ਬਨੀ ਆਮਰ ਦੇ ਸਰਦਾਰ ਨੇ ਇਕ ਵਿਅਕਤੀ ਨੂੰ ਸੰਕੇਤ ਕੀਤਾ ਅਤੇ ਉਸਨੇ ਪਿੱਛਿਓਂ ਹਰਾਮ ਬਿਨ ਮਲਹਾਨ ਉਪੱਰ ਨੇਜ਼ੇ ਨਾਲ ਹਮਲਾ ਕੀਤਾ । ਉਹਨਾਂ ਦੀ ਗਰਦਨ ਵਿੱਚੋਂ ਰਕਤ ਦਾ ਫ਼ੁਹਾਰਾ ਛੁੱਟ ਪਿਆ । ਉਹਨਾਂ ਨੇ ਉਹ ਰਕਤ ਆਪਣੇ ਹੱਥਾਂ ਵਿੱਚ ਲਿਆ ਅਤੇ ਕਿਹਾ, ਰੱਬੇ ਕਾਬਾ ਦੀ ਸਹੁੰ ! ਮੈਂ ਸਫ਼ਲ ਹੋ ਗਿਆ । ਅਤੇ ਉਹਨਾਂ ਦੇ ਦੂਜੇ ਸਾਥੀ ਨੂੰ ਵੀ ਸ਼ਹੀਦ ਕਰ ਦਿਤੱਾ ਗਿਆ ਅਤੇ ਫਿਰ ਬਾਕੀ ਦੇ ਜੋ ਸਤੱਰ ਲੋਕ ਸਨ, ਉਹਨਾਂ ਸਾਰਿਆਂ ਨੂੰ ਸ਼ਹੀਦ ਕਰ ਦਿਤੱਾ ਗਿਆ । ਜੱਦ ਇਹਨਾਂ ਲੋਕਾਂ ਨੂੰ ਧੋਖੇ ਨਾਲ ਜ਼ਾਲਮਾਨਾ ਰੂਪ ਵਿੱਚ ਸ਼ਹੀਦ ਕੀਤਾ ਜਾ ਰਿਹਾ ਸੀ ਤਾਂ ਉਹਨਾਂ ਨੇ ਇਹ ਦੁਆ ਕੀਤੀ ਕਿ ਹੇ, ਰੱਬ ! ਸਾਡੀਆਂ ਇਹ ਕੁਰਬਾਨੀਆਂ ਕੁਬੂਲ ਫ਼ਰਮਾ ਲੈ ਅਤੇ ਸਾਡੀ ਇਸ ਅਵਸਥਾ ਦੀ ਸੂਚਨਾ ਹਜ਼ਰਤ ਮੁਹੱਮਦ ਸਲਲੱਾਹੁ ਅਲੈਹਿ ਵਸਲਮ ਨੂੰ ਕਰ ਦੇ । ਸੋ, ਹਜ਼ਰਤ ਮੁਹਮੱਦ ਸਲਲਾਹੁ ਅਲੈਹਿ ਵਸਲਮ ਨੂੰ ਹਜ਼ਰਤ ਜਿਬਰਾਈਲ ਅਲੈਹਿ ਸਲਾਮ ਨੇ ਇਹਨਾ ਸਾਹਾਬਾ ਦਾ ਸਲਾਮ (ਸੰਦੇਸ਼) ਪਹੁੰਚਾਇਆ ਅਤੇ ਓਥੋਂ ਦੇ ਹਾਲਾਤ ਅਤੇ ਸ਼ਹੀਦੀਆਂ ਦੀ ਸੂਚਨਾ ਦਿੱਤੀ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਸਹਾਬਾ ਨੂੰ ਦੱਸਿਆ ਕਿ ਉਹ ਸਾਰੇ ਹੀ ਸ਼ਹੀਦ ਕਰ ਦਿੱਤੇ ਗਏ ਹਨ । ਇਹਨਾਂ ਸ਼ਹੀਦੀਆਂ ਦਾ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੂੰ ਅਤਿਅੰਤ ਸਦਮਾ ਸੀ । ਆਪ ਨੇ ਤੀਹ ਦਿਨਾਂ ਤੱਕ ਨਿਰੰਤਰ ਇਹਨਾਂ ਕਬੀਲਿਆਂ ਵਿਰੁਧ ਦੁਆ ਕੀਤੀ ਕਿ ਹੇ, ਅਲੱਾਹ ! ਇਹਨਾਂ ਵਿੱਚੋਂ ਜਿੰਨ੍ਹਾ ਨੇ ਜ਼ੁਲਮ ਕੀਤਾ ਹੈ ਆਪ ਇਹਨਾ ਦੀ ਪਕੜ ਕਰ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਇਹਨਾਂ ਸ਼ਹੀਦਾਂ ਨੂੰ ਬਹੁਤ ਮਹਾਨ ਸ਼ਹੀਦੀਆਂ ਦੱਸਿਆ । ਹਜ਼ਰਤ ਅਕਦਸ ਮਸੀਹ ਮੌਊਦ ਅਲੈਹਿ ਸਲਾਮ ਇਸ ਇਸ਼ਕ, ਪ੍ਰੇਮ ਤੇ ਧਰਮ ਖ਼ਾਤਰ ਮਹਾਨਤਮ ਕੁਰਬਾਨੀਆਂ ਦਾ ਵਰਨਣ ਕਰਦਿਆਂ ਹੋਇਆਂ ਇਕ ਮੌਕੇ ਫ਼ਰਮਾਉਂਦੇ ਹਨ ਕਿ ਪ੍ਰੇਮ ਇਕ ਅਜਿਹੀ ਚੀਜ ਹੈ ਕਿ ਉਹ ਸਭ ਕੁਝ ਕਰਾ ਦਿੰਦਾ ਹੈ ਇਕ ਵਿਅਕਤੀ ਜੱਦ ਕਿਸੇ'ਤੇ ਆਸ਼ਕ ਹੁੰਦਾ ਹੈ ਤਾਂ ਮਾਸ਼ੂਕ (ਪੇਮੀ) ਲਈ ਕੀ ਕੁਝ ਨਹੀ ਕਰ ਲੰਘਦਾ । ਆਪ ਫ਼ਰਮਾਉਂਦੇ ਹਨ ਕਿ ਸਹਾਬਾ ਕਰਾਮ ਰਿਜ਼ਵਨੁਲੱਾਹ ਅਲੈਹਿਮ ਅਜਮਾਈਨ ਦੀ ਹਾਲਤ ਦੇਖੋ ਮੱਕੇ ਵਿੱਚ ਉਹਨਾਂ ਨੂੰ ਕੀ ਕੀ ਕਸ਼ਟ ਪਹੁੰਚੇ, ਕਈ ਓਹਨਾਂ ਵਿੱਚੋਂ ਫੜੇ, ਭਾਂਤ ਭਾਂਤ ਦੇ ਕਸ਼ਟ ਦੇ ਦੁਖੱਾਂ ਦੇ ਸ਼ਿਕਾਰ ਹੋਏ । ਪੁਰੁਸ਼ ਤਾਂ ਪੁਰੁਸ਼ ਕਈ ਮੁਸਲਮਾਨ ਇਸਤਰੀਆਂ ਉਪੱਰ ਐਨ੍ਹੀਆਂ ਸਖ਼ਤੀਆਂ ਕੀਤੀਆਂ ਗਈਆਂ ਕਿ ਉਹਨਾਂ ਦੀ ਕਲਪਨਾ ਨਾਲ ਵੀ ਸ਼ਰੀਰ ਕੰਬ ਉਠਦਾ ਹੈ । ਜੇਕਰ ਉਹ ਮੱਕੇ ਵਾਲਿਆਂ ਨਾਲ ਮਿਲ ਜਾਂਦੇ ਤਾਂ ਉਸ ਸਮੇਂ ਵੇਖਣ ਨੂੰ ਉਹਨਾਂ ਨੂੰ ਬਹੁਤ ਸਨਮਾਨ ਮਿਲਦਾ ਕਿਉਂਕਿ ਉਹ ਉਹਨਾਂ ਦੀ ਬਰਾਦਰੀ ਦੇ ਸਨ, ਪਰ ਉਹ ਕਿਹੜੀ ਚੀਜ਼ ਸੀ ਜਿਸ ਨੇ ਉਹਨਾਂ ਨੂੰ ਇਹਨਾ ਮੁਸੀਬਤਾ ਤੇ ਔਕੁੜਾਂ ਦੇ ਹੜ੍ਹ ਵਿੱਚ ਵੀ ਸਚੱਾਈ ਉਪੱਰ ਕਾਇਮ ਰੱਖਿਆ । ਉਹ ਉਹੋ ਆਨੰਦ ਅਤੇ ਸਰੂਰ ਦਾ ਸੋਮਾ ਸੀ ਜੋ ਸਚੱਾਈ ਦੇ ਪਿਆਰ ਕਰਕੇ ਸੀਨਿਆਂ ਵਿੱਚ ਫੁੱਟ ਪਿਆ ਸੀ ।

ਫ਼ਰਮਾਇਆ : ਇਸ ਆਨੰਦ ਮਗਰੋਂ ਜੋ ਰੱਬ ਵੱਲੋਂ ਮਿਲਦਾ ਹੈ, ਇਕ ਕੀੜੇ ਵਾਂਗ ਕੁਰਲ ਕੇ ਮਰ ਜਾਣਾ ਮਨਜ਼ੂਰ ਹੁੰਦਾ ਹੈ । ਜਿਵੇਂ ਇਕ ਸਹਾਬੀ ਨੇ ਕਿਹਾ ਸੀ ਮੈਂ ਰੱਬੇ ਕਾਬਾ ਨੂੰ ਪਾ ਲਿਆ । ਫ਼ਰਮਾਉਂਦੇ ਹਨ ਕਿ ਮੋਮਿਨ ਨੂੰ ਕੜੇ ਤੋਂ ਕੜਾ ਦੁੱਖ ਵੀ ਸੌਖਾ ਹੀ ਹੁੰਦਾ ਹੈ । ਸੱਚ ਪੁੱਛੋ ਤਾਂ ਮੋਮਿਨ ਦੀ ਨਿਸ਼ਾਨੀ ਹੀ ਇਹੋ ਹੁੰਦੀ ਹੈ ਕਿ ਉਹ ਮਾਰੇ ਜਾਣ ਲਈ ਤਿਆਰ ਰਹਿੰਦਾ ਹੈ । ਇਸੇ ਪ੍ਰਕਾਰ ਜੇਕਰ ਕਿਸੇ ਵਿਅਕਤੀ ਨੂੰ ਕਹਿ ਦਿਤੱਾ ਜਾਵੇ ਕਿ ਜਾਂ ਨਸਰਾਨੀ (ਈਸਾਈ) ਹੋ ਜਾਂ ਕਤਲ ਕਰ ਦਿੱਤਾ ਜਾਵੇਗਾ ਉਸ ਸਮੇਂ ਦੇਖਣਾ ਚਾਹੀਦਾ ਹੈ ਕਿ ਉਸ ਦੇ ਆਪਣੇ ਆਪੇ ਵਿੱਚੋਂ ਕੀ ਅਵਾਜ਼ ਆਉਂਦੀ ਹੈ । ਸੰਭਵਤਾ ਉਹ

ਮਰਨ ਲਈ ਸਿਰ ਧਰ ਦਿੰਦਾ ਹੈ ਜਾਂ ਨਸਰਾਨੀ ਹੋਣ ਨੂੰ ਪਹਿਲ ਦਿੰਦਾ ਹੈ । ਜੇਕਰ ਉਹ ਮਰਨ ਨੂੰ ਪਹਿਲ ਦਿੰਦਾ ਹੈ ਤਾਂ ਉਹ ਹਕੀਕੀ ਮੋਮਿਨ ਹੈ ਵਰਨਾ ਕਾਫ਼ਰ ਹੈ । ਭਾਵ ਇਹਨਾਂ ਔਕੁੜਾਂ ਵਿੱਚ ਜੋ ਮੋਮਿਨਾਂ ਉਪੱਰ ਆਉਂਦੀਆਂ ਹਨ ਅੰਦਰ ਹੀ ਅੰਦਰ ਇਕ ਆਨੰਦ ਹੁੰਦਾ ਹੈ । ਭਲਾ ਸੋਚੋ ਤਾਂ ਸਹੀ ਕਿ ਜੇਕਰ ਇਹ ਔਕੁੜਾਂ ਨ ਹੁੰਦੀਆਂ ਤਾਂ ਸਾਰੇ ਨਬੀ ਇਹਨਾਂ ਔਕੁੜਾ ਦਾ ਇਕ ਲੰਮਾ ਸਮਾਂ ਕਿਵੇਂ ਲੰਘਾ ਦਿੰਦੇ ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਾਮ ਦੀ ਕੁਵੱਤੇ ਕੁਦਸੀ ਨੇ ਸਾਹਬਾ ਵਿੱਚ ਇਕ ਅਜਿਹੀ ਰੂਹ ਫੂਕ ਦਿੱਤੀ ਸੀ ਕਿ ਮਰਦਿਆਂ ਹੋਇਆਂ ਵੀ ਕਹਿੰਦੇ ਸਨ ਕਿ ਰੱਬ ਕਾਬਾ ਦੀ ਸਹੁੰ ਅਸੀਂ ਸਫ਼ਲ ਹੋ ਗਏ, ਅਸੀਂ ਰੱਬ ਨੂੰ ਪਾ ਲਿਆ । ਇਹ ਉਹ ਲੋਕ ਸਨ ਜੋ ਨੇਕੀਆਂ ਕਰਨ ਵਾਲੇ ਸਨ । ਉਹਨਾਂ'ਤੇ ਜੱਦ ਜ਼ੁਲਮ ਕੀਤੇ ਜਾਂਦੇ ਸਨ ਤਾਂ ਉਸ ਜ਼ੁਲਮ ਖ਼ਾਤਰ ਕੁਰਬਾਨੀਆਂ ਦਿੰਦੇ ਸਨ ਨ ਕਿ ਆਪ ਜ਼ਾਲਮ ਬਣ ਜਾਂਦੇ ਸਨ । ਜਿਵੇਂ ਅੱਜ ਕੱਲ ਦੇ ਕਈ ਗਿਰੋਹਾਂ ਨੇ ਸ਼ੁਰੂ ਕੀਤਾ ਹੈ ਕਿ ਅਸੀਂ ਸ਼ਹੀਦ ਹੋ ਗਏ ਜਾਂ ਸ਼ਹੀਦ ਹੋ ਜਾਵਾਂਗੇ ਤਾਂ ਸਵਰਗ ਵਿੱਚ ਰਲੇ ਜਾਵਾਂਗੇ । ਇਹ ਉਹ ਲੋਕ ਨਹੀਂ ਸਨ । ਇਹ ਲੋਕ ਜ਼ੁਲਮ ਦੇ ਵਿਰੁਧ ਜੰਗ ਕਰਨ ਵਾਲੇ ਸਨ ਜ਼ੁਲਮ ਫੈਲਾਉਣ ਵਾਲੇ ਨਹੀਂ ਸਨ ।

ਹਜ਼ਰਤ ਅਬਦੁਲੱਾਹ ਬਿਨ ਉਮਰ ਇਕ ਅੰਸਾਰੀ ਸਹਾਬੀ ਸਨ ਜੋ ਉਹਦ ਦੀ ਜੰਗ ਵਿੱਚ ਸ਼ਹੀਦ ਹੋਏ ਸਨ । ਉਹਨਾਂ ਨੂੰ ਇਕ ਸੁਪਨੇ ਜਾਂ ਦਿਵ ਦ੍ਰਿਸ਼ ਕਰਕੇ ਵਿਸ਼ਵਾਸ ਸੀ ਕਿ ਉਹ ਇਸ ਜੰਗ ਵਿੱਚ ਸਭ ਤੋਂ ਪਹਿਲਾਂ ਸ਼ਹੀਦ ਹੋਣਗੇ । ਸੋ, ਇਉਂ ਹੀ ਹੋਇਆ । ਹਜ਼ਰਤ ਅਬਦੁਲੱਾਹ ਦੀ ਸ਼ਹਾਦਤ ਅਤੇ ਕੁਰਬਾਨੀ ਨੂੰ ਕਿਵੇਂ ਰੱਬ ਨੇ ਨਿਵਾਜ਼ਿਆ ਇਸ ਦਾ ਵਰਨਣ ਇਉਂ ਮਿਲਦਾ ਹੈ ਕਿ ਹਜ਼ਰਤ ਅਬਦੁਲੱਾਹ ਦੇ ਪੁਤੱਰ ਨੂੰ ਦੁਖੀ ਦੇਖਕੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਸ਼ਹੀਦੀ ਬਾਦ ਰੱਬ ਨੇ ਤੁਹਾਡੇ ਪਿਤਾ ਨੂੰ ਆਪਣੇ ਸਾਹਮਣੇ ਬਿਠਾਇਆ ਅਤੇ ਫ਼ਰਮਾਇਆ ਕਿ ਮੈਂਥੋਂ ਜੋ ਚਾਹੋ ਮੰਗੋ ਮੈਂ ਤਹਾਨੂੰ ਦਿਆਂਗਾ । ਹਜ਼ਰਤ ਅਬਦੁਲੱਾਹ ਨੇ ਆਪਣੇ ਰੱਬ ਅੱਗੇ ਬਿਨਤੀ ਕਤੀ ਕਿ ਹੇ, ਮੇਰੇ ਰੱਬ ! ਮੈਂ ਬੰਦਗੀ ਦਾ ਹੱਕ ਤਾਂ ਪੂਰਾ ਨਹੀਂ ਕੀਤਾ, ਤੇਰੇ ਸਾਹਮਣੇ ਇਛੱਾ ਕਿਹੜੇ ਮੂੰਹੋਂ ਕਰਾਂ । ਤੇਰਾ ਰਹਿਮ ਤੇ ਮਿਹਰ ਹੈ ਜੋ ਤੂੰ ਦੇ ਦੇਵੇਂ । ਫਿਰ ਬਿਨਤੀ ਕੀਤੀ ਕਿ ਹੇ, ਅਲੱਾਹ ! ਜੇਕਰ ਮੇਰੀ ਇਛੱਾ ਪੁਛੱਦੇ ਹੋ ਤਾਂ ਉਹ ਇਹੋ ਹੈ ਕਿ ਮੈਨੂੰ ਫਿਰ ਦੁਨੀਆ ਵਿੱਚ ਪਰਤਾ ਦੇ ਤਾਂ ਜੋ ਮੈਂ ਫਿਰ ਤੇਰੇ ਨਬੀ ਦਾ ਨਾਲ ਰਲਕੇ ਦੁਸ਼ਮਣ ਦਾ ਮੁਕਾਬਲਾ ਕਰਾਂ ਅਤੇ ਸ਼ਹੀਦ ਹੋਕੇ ਤੇਰੇ ਕੋਲ ਆਵਾਂ । ਰੱਬ ਨੇ ਫ਼ਰਮਾਇਆ ਕਿ ਮੈਂ ਇਹ ਫ਼ੈਸਲਾ ਕਰ ਚੁਕਿਆ ਹਾਂ ਜਿਸ ਨੂੰ ਇਕ ਵਾਰ ਮੌਤ ਦੇ ਦਿਆਂ ਉਹ ਮੁੜ ਦੁਨੀਆ ਵਿੱਚ ਪਰਤਾਇਆ ਨਹੀਂ ਜਾਂਦਾ । ਇਸ ਲਈ ਇਹ ਇਛੱਾ ਪੂਰੀ ਨਹੀਂ ਹੋ ਸਕਦੀ ।

ਹਜ਼ਰਤ ਉਮਰ ਬਿਨ ਜਮੂਹ ਦੀ ਕੁਰਬਾਨੀ ਦੀ ਭਾਵਨਾ ਤੇ ਸ਼ਹੀਦੀ ਦਾ ਵਰਨਣ ਇਉਂ ਮਿਲਦਾ ਹੈ ਕਿ ਉਹਨਾਂ ਦੇ ਪੈਰ੍ਹਾਂ ਦੇ ਕਸ਼ਟ ਕਰਕੇ ਉਹਨਾਂ ਦੇ ਪੁਤੱਰਾਂ ਨੂੰ ਉਹਨਾਂ ਨੂੰ ਬਦਰ ਦੀ ਜੰਗ ਵਿੱਚ ਸ਼ਾਮਲ ਨਹੀਂ ਹੋਣ ਦਿੱਤਾ । ਜੱਦ ਜੰਗੇ ਉਹਦ ਦਾ ਮੌਕਾ ਆਇਆ ਤਾਂ ਉਹ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੀ ਸੇਵਾ ਵਿੱਚ ਹਾਜ਼ਰ ਹੋਏ ਅਤੇ ਬਿਨਤੀ ਕੀਤੀ ਕਿ ਮੇਰੇ ਪੁਤੱਰ ਮੇਰੇ ਪੈਰ੍ਹਾਂ ਦੇ ਕਸ਼ਟ ਕਰਕੇ ਜੰਗ ਵਿੱਚ ਸ਼ਾਮਲ ਹੋਣ ਤੋਂ ਰੋਕ ਰਹੇ ਹਨ ਪਰ ਮੈਂ ਆਪ ਨਾਲ ਜਿਹਾਦ ਵਿੱਚ ਸ਼ਾਮਲ ਹੋਣਾ ਚਾਹੁੰਦਾ ਹਾਂ ਅਤੇ ਬਿਨਤੀ ਕੀਤੀ ਕਿ ਰੱਬ ਦੀ ਸਹੁੰ ਮੈਂ ਆਸ ਰਖੱਦਾ ਹਾਂ ਕਿ ਮੈਨੂੰ ਸ਼ਹੀਦੀ ਪ੍ਰਦਾਨ ਕਰੇਗਾ ਅਤੇ ਮੈਂ ਆਪਣੇ ਲੰਗੜੇ ਪੈਰ੍ਹਾਂ ਸਬਬ ਸਵਰਬ ਵਿੱਚ ਦਾਖ਼ਲ ਹੋ ਜਾਵਾਂਗਾ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਜੇਕਰ ਤੁਹਾਡੀ ਇਹੋ ਇਛੱਾ ਹੈ ਤਾਂ ਫਿਰ ਸ਼ਾਮਲ ਹੋ ਜਾਓ । ਸੋ, ਹਜ਼ਰਤ ਉਮਰ ਜੰਗੇ ਉਹਦ ਵਿੱਚ ਸ਼ਾਮਲ ਹੋਏ ਅਤੇ ਮੈਦਾਨੇ ਉਹਦ ਵਿੱਚ ਸ਼ਹੀਦ ਹੋਏ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਸੋ, ਇਹ ਲੋਕ ਇਮਾਨ ਵਿੱਚ ਵਧੇ ਹੋਏ ਸਨ, ਕਿਸੇ ਵੀ ਸਹਾਬੀ ਦੀ ਘਟਨਾ ਨੂੰ ਲੈ ਲਓ । ਇਮਾਨਦਾਰੀ, ਵਫ਼ਾਦਾਰੀ ਅਤੇ ਰੱਬ ਖ਼ਾਤਰ ਜਾਨ ਦੇ ਨਜ਼ਰਾਨੇ ਪੇਸ਼ ਕਰਨ ਲਈ ਹਰ ਸਮੇਂ ਤਤਪਰ ਰਹਿੰਦੇ ਸਨ । ਹਜ਼ਰਤ ਅਬੂ ਤਲਹਾ ਅੰਸਾਰੀ ਨੂੰ ਵੀ ਜੰਗੇ ਉਹਦ ਵਿੱਚ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਅੱਗੇ ਢਾਲ ਬਣਕੇ ਖੜੇ ਹੋਣ ਦਾ ਸੰਜੋਗ ਪ੍ਰਾਪਤ ਹੋਇਆ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਰੱਬ ਵੱਲੋਂ ਜੋ ਪਤਾ ਲਗਦਾ ਹੈ ਉਹ ਹੋਕੇ ਹੀ ਰਹਿੰਦਾ ਹੈ। ਸਬਬ ਕੀ ਸ਼ੈਅ ਹੈ ਕੁਝ ਵੀ ਨਹੀਂ । ਰੱਬ ਫ਼ਰਮਾਉਂਦਾ ਹੈ ਕਿ ਮੇਰੇ ਮਾਰਗ ਵਿੱਚ ਜਾਓਗੇ ਤਾਂ 'ਮੁਰਾਗ਼ਮਨ ਕਸੀਰਨ' (مُرَاغَمًا كَثِيْرًا) ਪਾਓਗੇ । ਸਵਸਥ ਨੀਯਤ ਨਾਲ ਜੋ ਪ੍ਰੈਰ ਚੁਕਦਾ ਹੈ ਰੱਬ ਉਸ ਦੇ ਨਾਲ ਹੁੰਦਾ ਹੈ, ਸਗੋਂ ਮਨੁੱਖ ਜੇਕਰ ਰੋਗੀ ਹੋਵੇ ਤਾਂ ਉਸ ਦਾ ਰੋਗ ਦੂਰ ਹੋ ਜਾਂਦਾ ਹੈ । ਫ਼ਰਮਾਇਆ ਕਿ ਸਹਾਬਾ ਦੀਆਂ ਉਧਾਰਣਾ ਦੇਖੋ, ਵਾਸਤਵ ਵਿੱਚ ਸਹਾਬਾ ਕਰਾਮ ਦੇ ਨਮੂਨੇ ਅਜਿਹੇ ਹਨ ਕਿ ਸਾਰਿਆਂ ਨਬੀਆਂ ਦੀਆਂ ਉਧਾਰਣਾ ਹਨ । ਰੱਬ ਨੂੰ ਤਾਂ ਅਮਲ ਹੀ ਪਸੰਦ ਹਨ । ਉਹਨਾਂ ਨੇ ਬਕਰੀਆਂ ਵਾਂਗ ਆਪਣੀਆਂ ਜਾਨਾਂ ਦਿੱਤੀਆਂ । ਕੁਰਆਨ ਕਰੀਮ ਤੋਂ ਸਾਬਤ ਹੁੰਦਾ ਹੈ ਕਿ ਹਵਾਰੀਆਂ ਨੂੰ ਹਜ਼ਰਤ ਈਸਾ ਅਲੈਹਿ ਸਲਾਮ ਦੀ ਸਚਾਈ'ਤੇ ਸ਼ੰਕਾ ਸੀ, ਤਾਂ ਹੀ ਤਾਂ ਉਹਨਾਂ ਨੇ ਮਾਇਦਹ (ਦਸਤਰ ਖ਼ਵਾਨ ਜਿਸ ਵਿੱਚ ਖਾਣਾ ਸਜਿਆ ਹੋਵੇ) ਮੰਗਿਆ ਅਤੇ ਕਿਹਾ 'ਵ-ਨਅਲਾਮੁ ਅਨ ਕਦ ਸਦਕਤਨਾ' (ونعلم ان قد صدقتنا) ਤਾਂ ਜੋ ਤੇਰਾ ਸਚਾ ਤੇ ਝੂਠਾ ਹੋਣਾ ਸਾਬਤ ਹੋ ਜਾਏ । ਇਸ ਤੋਂ ਪਤਾ ਲਗਦਾ ਹੈ ਕਿ 'ਮਾਇਦਹ' ਉਤਰਨ ਤੋਂ ਪਹਿਲਾਂ ਉਹਨਾਂ ਦੀ ਅਵਸਥਾ 'ਨਅਲਮੁ' ਦੀ ਨਹੀਂ ਸੀ । ਫਿਰ ਜਿਸ ਪ੍ਰਕਾਰ ਦੀ ਬੇਆਰਾਮੀ ਦਾ ਜੀਵਨ ਸਹਾਬਾ ਨੇ ਬਤੀਤ ਕੀਤਾ ਉਸ ਦੀ ਉਧਾਰਣ ਨਹੀਂ ਪਾਈ ਜਾਂਦੀ । ਸਹਾਬਾ ਕਰਾਮ ਦਾ ਗਿਰੋਹ ਉਹ ਅਦਭੁੱਤ ਗਿਰੋਹ ਸੀ, ਸ਼ਲਾਘਾ ਯੋਗ, ਪੈਰ੍ਹਵੀ ਯੋਗ ਗਿਰੋਹ ਸੀ । ਉਹਨਾਂ ਦੇ ਦਿਲ ਵਿਸ਼ਵਾਸ ਨਾਲ ਭਰੇ ਹੋਏ ਸਨ । ਜੱਦ ਵਿਸ਼ਵਾਸ ਹੁੰਦਾ ਹੈ ਤਾਂ ਪਹਿਲਾਂ ਪਹਿਲ ਮਾਲ ਦੇਣ ਨੂੰ ਜੀਅ ਕਰਦਾ ਹੈ ਫਿਰ ਜੱਦ ਵੱਧ ਜਾਂਦਾ ਹੈ ਤਾਂ ਵਿਸ਼ਵਾਸਪਾਤਰ ਰੱਬ ਖ਼ਾਤਰ ਜਾਨ ਦੇਣ ਨੂੰ ਤਿਆਰ ਹੋ ਜਾਂਦਾ ਹੈ । ਇਹ ਵਿਸ਼ਵਾਸ ਵੀ ਹਜ਼ਰਤ ਮੁਹੰਮਦ ਸਲਲੱਹੁ ਅਲੈਹਿ ਵਸਲਮ ਦੀ 'ਕੁਵੱਤੇ ਕੁਦਸੀ' (ਪਵਿੱਤਰ ਸ਼ਕਤੀਆਂ) ਕਰਕੇ ਹਰ ਸਮੇਂ ਵਧੱਦਾ ਹੀ ਚਲਾ ਜਾ ਰਿਹਾ ਸੀ । ਇਹਨਾਂ ਸਹਾਬਾ ਦੀਆਂ ਪ੍ਰਤੀਦਿਨ ਦੀ ਦਿਨਚਰਿਆ ਵੀ ਇਸ਼ਕੇ ਰਸੂਲ ਦੇ ਅਦਭੁੱਤ ਦ੍ਰਿਸ਼ ਦਿਖਾਉਂਦੇ ਹਨ । ਜਤਨ ਹੁੰਦਾ ਸੀ ਕਿ ਕਿਵੇਂ ਕੋਈ ਮੌਕਾ ਮਿਲੇ ਅਤੇ ਅਸੀਂ ਆਪਣੇ ਪ੍ਰੇਮ ਦਾ ਪ੍ਰਦਰਸ਼ਨ ਕਰੀਏ । ਹਜ਼ਰਤ ਅਬਦੁਲੱਾਹ ਬਿਨ ਉਮਰੋ ਬਾਰੇ ਆਉਂਦਾ ਹੈ ਕਿ ਉਹ ਹਰ ਸਮੇਂ ਇਸ ਚਿੰਤਾ ਵਿੱਚ ਰਹਿੰਦੇ ਸਨ ਕਿ ਕਿਵੇਂ ਸਾਧਾਰਣ ਆਵਸਥਾ ਵਿੱਚ ਵੀ ਹਜ਼ਰਤ ਮੁਹਮੱਦ ਸਲਲੱਹੁ ਅਲੈਹਿ ਵਸਲਮ ਨਾਲ ਪ੍ਰੇਮ ਤੇ ਵਫ਼ਾਦਾਰੀ ਦਾ ਪ੍ਰਦਰਸ਼ਨ ਕਰਨ ।

ਸਹਾਬਾ ਨੂੰ ਅਰੰਭ ਵਿੱਚ ਆਪਣੇ ਨੇੜਲੇ ਰਿਸ਼ਤੇਦਾਰਾਂ ਨੂੰ ਵੀ ਪ੍ਰਚਾਰ ਕਰਨ ਵਿੱਚ ਬਹੁਤ ਦਿਕੱਤਾਂ ਆਉਂਦੀਆਂ ਸਨ । ਕਿਤੇ ਪੁਤੱਰ ਮੁਸਲਮਾਨ ਹੋ ਗਿਆ ਅਤੇ ਪਿਤਾ ਨਹੀਂ ਤਾਂ ਔਕੁੜਾਂ ਸਨ । ਕਿਤੇ ਕੋਈ ਮਾੜਾ ਰਿਸ਼ਤੇਦਾਰ ਮੁਸਲਮਾਨ ਹੋਇਆ ਤਾਂ ਦੂਜੇ ਵੱਡੇ ਰਿਸ਼ਤੇਦਾਰ ਤੰਗ ਕਰ ਰਹੇ । ਹਜ਼ਰਤ ਉਮਰੋ ਬਿਨ ਜਮੂਅ ਤੋਂ ਪਹਿਲਾਂ ਉਹਨਾਂ ਦੇ ਪੁਤੱਰ ਨੇ ਬੈਅਤ ਕਰ ਲਈ ਸੀ। ਉਹ ਪ੍ਰਤੀਦਿਨ ਰਾਤ ਨੂੰ ਆਪਣੇ ਪਿਤਾ ਦੇ ਬੁੱਤ ਚੁੱਕ ਕੇ ਕੂੜੇ ਵਿੱਚ ਸੁੱਟ ਦਿੰਦੇ ਜਿਸ ਤੋਂ ਉਹ ਬਹੁਤ ਨਰਾਜ਼ ਹੁੰਦੇ, ਅਖੀਰ ਤੰਗ ਆਕੇ ਉਮਰੋ ਬਿਨ ਜਮੂਅ ਨੇ ਕਿਹਾ ਕਿ ਉਹ ਬੁੱਤ ਜਿਸ ਨੂੰ ਮੈਂ ਰੱਬ ਬਣਾਈ ਰੱਖਿਆ ਹੈ, ਉਹ ਆਪਣੀ ਰੱਖਿਆ ਆਪ ਨਹੀਂ ਕਰ ਸਕਦਾ ਉਹ ਮੇਰੀ ਕੀ ਰੱਖਿਆ ਕਰੇਗਾ ਅਤੇ ਇਸਲਾਮ ਕੁਬੂਲ ਕਰ ਲਿਆ ।

ਹਜ਼ੂਰ ਅਨਵਰ ਨੇ ਫ਼ਰਮਾਇਆ: ਹਜ਼ਰਤ ਮੁਹਮੱਦ ਸਲਲੱਹੁ ਅਲੈਹਿ ਵਸਲਮ ਦਾ ਆਪਣੇ ਸਹਾਬਾ ਨਾਲ ਜੋ ਪ੍ਰੇਮ ਦਾ ਢੰਗ ਸੀ ਅਤੇ ਜਿਸ ਪ੍ਰਕਾਰ ਆਪ ਦੀ 'ਕੁਵੱਤੇ ਕੁਦਸੀਆ' (ਪਵਿੱਤਰ ਸ਼ਕਤੀਆਂ) ਨਾਲ ਰੱਬ ਇਹਨਾ ਸਹਾਬਾ ਦਾ ਸੰਬੰਧ ਪੈਦਾ ਹੋਇਆ ਅਤੇ ਫਿਰ ਰੱਬ ਵੀ ਕਈ ਵਾਰ ਇਹਨਾ ਸਹਾਬਾ ਨੂੰ ਸਿੱਧੇ ਰੂਪ ਵਿੱਚ ਜਾਂ ਹਜ਼ਰਤ ਮੁਹਮੱਦ ਸਲਲੱਹੁ ਅਲੈਹਿ ਵਸਲਮ ਰਾਹੀਂ ਇਹਨਾਂ ਨੂੰ ਨਿਵਾਜ਼ਦਾ ਸੀ ।

ਹਜ਼ਰਤ ਅਬੀ ਬਿਨ ਕਾਅਬ ਬਾਰੇ ਰੱਬ ਨਾਲ ਸੰਬੰਧ ਦੀ ਇਕ ਘਟਨਾ ਬੁਖ਼ਾਰੀ ਸ਼ਰੀਫ਼ ਵਿੱਚ ਇਉਂ ਮਿਲਦੀ ਹੈ ਕਿ ਇਕ ਵਾਰ ਹਜ਼ਰਤ ਮੁਹਮੱਦ ਸਲਲੱਹੁ ਅਲੈਹਿ ਵਸਲਮ ਨੇ ਕਿਹਾ ਕਿ ਰੱਬ ਨੇ ਮੈਨੂੰ ਹੁਕਮ ਦਿਤੱਾ ਹੈ ਕਿ ਮੈਂ ਤੁਹਾਨੂੰ ਕੁਰਆਨ ਪੜ੍ਹਕੇ ਸੁਣਾਵਾਂ । ਹਜ਼ਰਤ ਅਬੀ ਬਿਨ ਕਾਅਬ ਹੈਰਾਨੀ ਨਾਲ ਪੁਛੱਣ ਲੱਗੇ ਕਿ ਕੀ ਰੱਬ ਨੇ ਮੇਰਾ ਨਾਂ ਲੈਕੇ ਫ਼ਰਮਾਇਆ ਹੈ? ਹਜ਼ਰਤ ਮੁਹਮੱਦ ਸਲਲੱਹੁ ਅਲੈਹਿ ਵਸਲਮ ਨੇ ਫ਼ਰਮਾਇਆ ਹਾਂ ਤੁਹਾਡਾ ਨਾਂ ਲੈਕੇ ਫ਼ਰਮਾਇਆ ਹੈ । ਇਸ'ਤੇ ਅਬੀ ਬਿਨ

ਕਾਅਬ ਭਾਵਨਾਵਾਂ ਦੇ ਪ੍ਰਵੇਗ ਕਰਕੇ ਰੋਣ ਲੱਗ ਪਏ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਨੇ ਉਹਨਾਂ ਨੂੰ 'ਲਮ ਯਕੁਨੱਲੱਜ਼ੀ ਕਾਫ਼ਾਰੂ' ਦੀ ਸੂਰਤ ਪੜ੍ਹਕੇ ਸੁਣਾਈ ਅਰਥਾਤ 'ਸੂਰਤ ਬੱਯਿਨਾ' । ਇਕ ਵਾਰ ਕਿਸੇ ਨੇ ਅਬੀ ਬਿਨ ਕਾਅਬ ਨੂੰ ਪੁੱਛਿਆ ਕਿ ਆਪ ਤਾਂ ਇਹ ਗੱਲ ਸੁਣਕੇ ਬਹੁਤ ਖ਼ੁਸ਼ ਹੋਏ ਹੋਣਗੇ ਤਾਂ ਉਹਨਾਂ ਨੇ ਉਤੱਰ ਦਿਤੱਾ ਕਿ ਜੱਦ ਰੱਬ ਨੇ ਕਿਹਾ ਕਿ ਰੱਬ ਦੀਆਂ ਮਿਹਰਾਂ ਤੇ ਰਹਿਮਤਾਂ ਨੂੰ ਦੇਖਕੇ ਅਤੇ ਚੇਤੇ ਕਰਕੇ ਖ਼ੁਸ਼ ਹੋਇਆ ਕਰੋ ਤਾਂ ਮੈਂ ਖ਼ੁਸ਼ ਕਿਉਂ ਨਾ ਹੁੰਦਾ ।

ਹਜ਼ੂਰ ਅਨਵਰ ਨੇ ਫ਼ਰਮਇਆ : ਇਹ ਸਨ ਉਹ ਸਹਾਬਾ ਜੋ ਤਰੱਕੀ ਕਰਦਿਆਂ ਕਰਦਿਆਂ ਆਪਣੇ ਅਤਿਅੰਤ ਅਸਥਾਨ ਨੂੰ ਪਹੁੰਚੇ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ : ਅਖੀਰ ਸਾਹਬਾ ਨੇ ਉਹ ਕੁਝ ਪਾਇਆ ਜੋ ਦੁਨੀਆ ਨੇ ਕਦੇ ਨਹੀਂ ਪਾਇਆ ਸੀ । ਸਹਾਬਾ ਕਰਾਮ ਦੇ ਜ਼ਮਾਨੇ ਨੂੰ ਜੇਕਰ ਦੇਖਿਆ ਜਾਵੇ ਤਾਂ ਉਹ ਲੋਕ ਬਹੁਤ ਸਿੱਧੇ ਸਾਦੇ ਸਨ । ਜੋ ਇਲਾਹੀ ਕਲਾਮ ਦੇ ਨੂਰ ਨਾਲ ਰੋਸ਼ਨ ਅਤੇ ਭੌਤਕ ਕੀਨਿਆਂ ਦੇ ਜ਼ੰਗ ਤੋਂ ਉਕੱਾ ਹੀ ਸਾਫ਼ ਸਨ । ਸੰਭਵਤਾ 'ਕਦ ਅਫ਼ਲਾਹਾ ਮਨ ਜ਼ਕੱਾਹਾ' (قدافلح من زکھا) ਦੇ ਸੱਚੇ ਚਰਿਤੱਾਰਥ ਸਨ । ਫਿਰ ਆਪ ਫ਼ਰਮਾਉਂਦੇ ਹਨ ਕਿ ਸਹਾਬਾ ਨੇ ਐਨ੍ਹਾ ਸਿਦਕ ਦਿਖਾਇਆ ਕਿ ਨ ਕੇਵਲ ਬੁੱਤ ਪ੍ਰਸਤੀ ਅਤੇ ਮਖ਼ਲੂਕ ਪ੍ਰਸਤੀ ਤੋਂ ਮੂੰਹ ਮੋੜਿਆ ਸਗੋਂ ਉਹਨਾਂ ਵਿੱਚ ਦੁਨੀਆ ਦਾ ਮੋਹ ਹੀ ਖ਼ਤਮ ਹੋ ਗਿਆ ਅਤੇ ਉਹ ਰੱਬ ਨੂੰ ਦੇਖਣ ਲੱਗ ਪਏ । ਉਹ ਅਤਿਅੰਤ ਸਰਗਰਮੀ ਨਾਲ ਰੱਬ ਦੇ ਮਾਰਗ ਵਿੱਚ ਅਜਿਹੇ ਫ਼ਿਦਾ ਸਨ ਕਿ ਸੰਭਵਤਾ ਹਰ ਇਕ ਉਹਨਾਂ ਵਿੱਚੋਂ ਇਬਰਾਹੀਮ ਸੀ । ਫ਼ਰਮਾਇਆ ਕਿ ਹਜ਼ਰਤ ਮਹਮੱਦ ਸਲਲੱਾਹੁ ਅਲੈਹਿ ਵਸਲੱਮ ਇਕ ਸ਼ਰੀਰ ਵਾਂਗ ਹਨ ਅਤੇ ਸਹਾਬਾ ਕਰਾਮ ਸ਼ਰੀਰ ਦੇ ਅੰਗਾ ਵਾਂਗ ਹਨ । ਅਲੱਾਹ ਤਆਲਾ ਸਾਨੂੰ ਵੀ ਸਹੀ ਰੰਗ ਵਿੱਚ ਸਹਾਬਾ ਦੇ ਅਸਥਾਨ ਨੂੰ ਵੀ ਪਛਾਨਣ ਦੀ ਤੌਫ਼ੀਕ ਪ੍ਰਦਾਨ ਕਰੇ ਅਤੇ ਉਹਨਾਂ ਦੇ ਨਮੂਨਿਆ ਉਪੱਰ ਚਲਦਿਆਂ ਹੋਇਆਂ ਆਪਣੀ ਇਮਾਨਦਾਰੀ ਤੇ ਵਫ਼ਾਦਾਰੀ ਨੂੰ ਵਧਾਉਣ ਦੀ ਤੌਫ਼ੀਕ ਪ੍ਰਦਾਨ ਕਰੇ ।

**Khulasa Khutba Jumma 09.03.2018**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131